a2zpapers.com

www.a2zpapers.com

**Exam. Code : 108501**
**Subject Code : 2093**

**B.Com. 1st Semester**

**PUNJABI (Compulsory)**

**Paper : BCG–102 (i)**

Time Allowed—3 Hours] [Maximum Marks—50

**ਨੋਟ :** ਪ੍ਰਸ਼ਨ ਪੱਤਰ ਦੇ **ਚਾਰ** ਭਾਗ ਹਨ। ਹਰੇਕ ਭਾਗ ਵਿੱਚ **ਦੋ** ਪ੍ਰਸ਼ਨ ਹਨ ਜਿਨ੍ਹਾਂ ਵਿੱਚੋਂ **ਇੱਕ** ਪ੍ਰਸ਼ਨ ਕਰਨਾ ਲਾਜ਼ਮੀ ਹੈ। ਕੁੱਲ **ਪੰਜ** ਪ੍ਰਸ਼ਨ ਕਰਨੇ ਹਨ। **ਪੰਜਵਾਂ** ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕੀਤਾ ਜਾ ਸਕਦਾ ਹੈ।

**ਭਾਗ—ਪਹਿਲਾ**

1. ਅੰਮ੍ਰਿਤਾ ਪ੍ਰੀਤਮ ਦੇ ਜੀਵਨ 'ਤੇ ਚਾਨਣਾ ਪਾਉਂਦੇ ਹੋਏ 'ਦੋ ਰੰਗ' ਪੁਸਤਕ ਵਿੱਚ ਸ਼ਾਮਲ 'ਬਾਰਾਂ ਮਾਹ' ਕਵਿਤਾ ਦਾ ਵਿਸ਼ਾ-ਵਸਤੂ ਲਿਖੋ। 10

2. ਨਿਮਨਲਿਖਤ **ਦੋਵੇਂ** ਬੰਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਬਾਬੇ ਨਾਨਕ ਦੀਏ ਵਡਿਆਈਏ!

ਬੁਲ੍ਹੇ ਸ਼ਾਹ ਦੀਏ ਸਿਰ ਤੇ ਚਾਈਏ!

ਫੇਰੇ ਦਿਨ ਤੇਰੇ ਸਿਰਜਣਹਾਰ ਨੇ,

ਸਿਦਕਾਂ ਵਾਲਿਆਂ ਦੇ ਬੇੜੇ ਪਾਰ ਨੇ।



www.a2zpapers.com www.a2zpapers.com
oad free old Question papers gndu, ptu hp board, punjab

a2zpapers.com

www.a2zpapers.com

(ਅ) ਸੁਣਿਉਂ ਵੇ ਕਲਮਾਂ ਵਾਲਿਉ
ਸੁਣਿਉਂ ਵੇ ਅਕਲਾਂ ਵਾਲਿਉ
ਸੁਣਿਉਂ ਵੇ ਹੁਨਰਾਂ ਵਾਲਿਉ
ਹੈ ਅੱਖ ਚੁਭੀ ਅਮਨ ਦੀ
ਆਇਉ ਵੇ ਫੂਕਾਂ ਮਾਰਿਉ
ਇੱਕ ਦੋਸਤੀ ਦੇ ਜ਼ਖ਼ਮ ਤੇ
ਸਾਂਝਾਂ ਦਾ ਲੋਗੜ ਬੰਨ੍ਹ ਕੇ
ਸਮਿਆਂ ਦੀ ਥੋਹਰ ਪੀੜ ਕੇ
ਦੁੱਧ! ਦਾ ਛੱਟਾ ਮਾਰਿਉ। 5+5=10

## ਭਾਗ—ਦੂਜਾ

3. ਪ੍ਰਿੰਸੀਪਲ ਤੇਜਾ ਸਿੰਘ ਰਚਿਤ 'ਗੁਰੂ ਨਾਨਕ ਦੇਵ ਜੀ' ਦੀ ਜੀਵਨੀ ਦਾ ਸਾਰ ਲਿਖੋ। 10

4. ਪ੍ਰੋ. ਵਰਿਆਮ ਸਿੰਘ ਰਚਿਤ 'ਰਾਣੀ ਲਕਸ਼ਮੀ ਬਾਈ ਝਾਂਸੀ' ਦੀ ਜੀਵਨੀ ਵਿੱਚੋਂ ਨਾਇਕਾ ਬਿੰਬ ਉਭਾਰੋ। 10

## ਭਾਗ—ਤੀਜਾ

5. ਨਿਮਨਲਿਖਤ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ 'ਤੇ ਪੈਰ੍ਹਾ ਰਚਨਾ ਕਰੋ :

(ੳ) ਨੌਜਵਾਨ ਪੀੜ੍ਹੀ ਅਤੇ ਨਸ਼ਿਆਂ ਦਾ ਰੁਝਾਨ

(ਅ) ਸਿੱਖਿਆ ਦਾ ਵਪਾਰੀਕਰਨ

(ੲ) ਵਾਤਾਵਰਣ ਪ੍ਰਦੂਸ਼ਣ। 10



www.a2zpapers.com www.a2zpapers.com
oad free old Question papers gndu, ptu hp board, punjab

a2zpapers.com

www.a2zpapers.com

6. ਨਿਮਨਲਿਖਤ ਪੈਰ੍ਹਾ ਪੜ੍ਹ ਕੇ ਹੇਠ ਲਿਖੇ ਸਵਾਲਾਂ ਦੇ ਜਵਾਬ ਦਿਓ :

ਮਾਂ ਦੇ ਗਰਭ ਵਿੱਚ ਪੱਕਣ ਵਾਲਾ ਅੰਡਾ ਇੱਕ ਦਿਨ ਲਹੂ-ਹੱਡ-ਮਾਸ ਦੇ ਪੁਤਲੇ ਦਾ ਰੂਪ ਧਾਰ ਕੇ ਮਮਤਾ ਦੀ ਮੂਰਤ ਮਾਂ ਦੀ ਛਾਤੀ ਤੋਂ ਆਪਣਾ ਪਹਿਲਾ ਆਹਾਰ ਪ੍ਰਾਪਤ ਕਰਦਾ ਹੈ। ਮਾਂ ਦੀ ਯੋਗ ਅਗਵਾਈ ਵਿੱਚ ਅਸੀਮ ਤੇ ਪਾਕ ਪਿਆਰ-ਦੁਲਾਰ, ਪਾਲਣ-ਪੋਸ਼ਣ, ਸੁਰੱਖਿਆ ਅਤੇ ਆਹਾਰ ਲੈ ਕੇ ਉਹ ਹੌਲੀ-ਹੌਲੀ ਵਧਣ-ਫੁੱਲਣ ਲੱਗਦਾ ਹੈ। ਬਾਲ ਦੀ ਸ਼ਖ਼ਸੀਅਤ ਉਸਾਰੀ ਵਿੱਚ ਮਾਂ ਦੀ ਵੱਡੀ ਭੂਮਿਕਾ ਹੁੰਦੀ ਹੈ। ਬਾਲ ਦੇ ਪਾਲਣ ਵਿੱਚ ਭਾਵੇਂ ਪਿਤਾ ਦੇ ਯੋਗਦਾਨ ਨੂੰ ਵੀ ਅੱਖੋਂ ਪਰੋਖੇ ਨਹੀਂ ਕਰਨਾ ਬਣਦਾ ਫਿਰ ਵੀ ਪਰ-ਨਿਰਭਰ ਬਾਲ ਲਈ ਮਾਂ ਤੋਂ ਬਿਨ੍ਹਾਂ, ਉਸਦਾ ਪਾਲਣ-ਪੋਸ਼ਣ ਮਾਂ ਵਾਂਗ ਹੋਰ ਕੋਈ ਨਹੀਂ ਕਰ ਸਕਦਾ। ਅਜਿਹਾ ਨਹੀਂ ਕਿ ਬੱਚਾ ਮਾਪਿਆਂ ਦੇ ਆਪਣੇ ਪ੍ਰਤੀ ਪਿਆਰ ਭਾਵ ਨੂੰ ਮਹਿਸੂਸ ਨਹੀਂ ਕਰਦਾ ਸਗੋਂ ਉਹ ਤਾਂ ਉਨ੍ਹਾਂ ਦੇ ਸਮਰਪਣ ਵਾਲੇ ਪਿਆਰ ਤੋਂ ਸੁਰੱਖਿਆ ਅਤੇ ਆਨੰਦ ਮਹਿਸੂਸ ਕਰਦਾ ਹੈ। ਦੁਨੀਆਂ ਦੀ ਕੋਈ ਭਾਸ਼ਾ ਅਜਿਹੀ ਨਹੀਂ ਜਿਸ ਦੇ ਲੇਖਕਾਂ ਨੇ ਮਾਂ ਦੀ ਮਮਤਾ ਨੂੰ ਨਾ ਵਡਿਆਇਆ ਹੋਵੇ। ਪ੍ਰੋ. ਮੋਹਨ ਸਿੰਘ, ਗੁਰਬਖ਼ਸ਼ ਸਿੰਘ ਪ੍ਰੀਤਲੜੀ ਅਤੇ ਹੋਰ ਅਨੇਕ ਸਾਹਿਤਕਾਰਾਂ ਨੇ ਆਪੋ ਆਪਣੇ ਢੰਗ ਨਾਲ ਆਪਣੀਆਂ ਭਾਵਨਾਵਾਂ ਵਿਅਕਤ ਕਰਦੇ



www.a2zpapers.com www.a2zpapers.com
oad free old Question papers gndu, ptu hp board, punjab

a2zpapers.com

www.a2zpapers.com

ਹੋਏ ਲਿਖਿਆ ਹੈ ਕਿ ਮਾਂ ਦਾ ਰਿਣ ਉਤਾਰਨਾ ਕੋਈ ਸੌਖਾ ਕਾਰਜ ਨਹੀਂ ਹੈ। ਜਨਮਦਾਤੀ ਦੀ ਮਹਿਮਾ ਨੂੰ ਅੱਖੋਂ ਪਰੋਖੇ ਕਰਕੇ ਉਸ ਨੂੰ ਮਹਿਜ਼ ਬੱਚੇ ਜੰਮਣ ਵਾਲੀ ਮਸ਼ੀਨ ਕਹਿਣ ਵਾਲੇ ਸਾਡੇ ਸਭ ਲਈ ਤ੍ਰਿਸਕਾਰ ਦੇ ਪਾਤਰ ਹਨ।

(ੳ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

(ਅ) ਲਕੀਰੇ ਸ਼ਬਦਾਂ ਦੇ ਅਰਥ ਲਿਖੋ।

(ੲ) ਬਾਲ ਦੀ ਸ਼ਖ਼ਸੀਅਤ ਉਸਾਰੀ ਵਿੱਚ ਮਾਂ ਦੀ ਕੀ ਭੂਮਿਕਾ ਹੈ ?

(ਸ) ਮਾਂ ਦਾ ਪਿਆਰ ਪਾ ਕੇ ਬੱਚਾ ਕਿਵੇਂ ਮਹਿਸੂਸ ਕਰਦਾ ਹੈ ?

(ਹ) ਮਾਂ ਬਾਰੇ ਲੇਖਕ ਕਿਹੋ ਜਿਹੀਆਂ ਭਾਵਨਾਵਾਂ ਵਿਅਕਤ ਕਰਦੇ ਹਨ ? 10

## ਭਾਗ—ਚੌਥਾ

7. ਉਪ-ਭਾਸ਼ਾ ਕੀ ਹੁੰਦੀ ਹੈ ? ਮਾਝੀ ਉਪਭਾਸ਼ਾ ਦੇ ਖੇਤਰ ਅਤੇ ਭਾਸ਼ਾਈ ਲੱਛਣਾਂ ਬਾਰੇ ਚਰਚਾ ਕਰੋ। 10

8. ਪੰਜਾਬੀ ਭਾਸ਼ਾ ਦੇ ਨਿਕਾਸ ਅਤੇ ਵਿਕਾਸ 'ਤੇ ਨੋਟ ਲਿਖੋ। 10



www.a2zpapers.com www.a2zpapers.com
oad free old Question papers gndu, ptu hp board, punjab